Punjabi - Number 41j
Traveller's Series - March 2021

# ਟਾਇਫੌਇਡ ਵੈਕਸੀਨ
# Typhoid Vaccine

ਟਰੈਵਲ ਵੈਕਸੀਨਾਂ ਦੀ ਸਿਫਾਰਸ਼ ਕੁਝ ਮੁਲਕਾਂ ਵਿੱਚ ਸਫਰ ਕਰਨ ਵਾਲੇ ਜਾਂ ਕੰਮ ਕਰਨ ਵਾਲੇ ਲੋਕਾਂ ਲਈ ਕੀਤੀ ਜਾਂਦੀ ਹੈ। ਤੁਹਾਡੇ ਲਈ ਸਫਰ ਤੇ ਨਿਕਲਣ ਤੋਂ ਘੱਟੋ ਘੱਟ 6 ਤੋਂ 8 ਹਫਤੇ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨਾ ਜਾਂ ਕਿਸੇ ਟਰੈਵਲ ਕਲੀਨਿਕ ਵਿੱਚ ਜਾਣਾ ਮਹੱਤਵਪੂਰਨ ਹੈ।

ਜ਼ਿਆਦਾਤਰ ਟਰੈਵਲ ਵੈਕਸੀਨਾਂ ਸੂਬਾਈ ਮੈਡੀਕਲ ਸਰਵਿਸਿਜ਼ ਪਲੈਨ (ਐਮਐਸਪੀ-MSP) ਦੁਆਰਾ ਕਵਰ ਨਹੀਂ ਕੀਤੀਆਂ ਜਾਂਦੀਆਂ, ਇਸ ਲਈ ਲਾਗਤ ਦਾ ਪਤਾ ਕਰਨ ਲਈ ਆਪਣੇ ਸਥਾਨਕ ਟਰੈਵਲ ਕਲੀਨਿਕ ਦੇ ਨਾਲ ਚੈੱਕ ਕਰੋ।

ਆਪਣੇ ਦੁਆਰਾ ਅਤੀਤ ਵਿੱਚ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਵੈਕਸੀਨਾਂ ਦਾ ਰਿਕਾਰਡ ਆਪਣੇ ਨਾਲ ਟਰੈਵਲ ਕਲੀਨਿਕ ਵਿੱਚ ਲਿਆਓ। ਆਪਣੇ ਦੁਆਰਾ ਪ੍ਰਾਪਤ ਕੀਤੀਆਂ ਜਾਣ ਵਾਲੀਆਂ ਟਰੈਵਲ ਵੈਕਸੀਨਾਂ ਦਾ ਰਿਕਾਰਡ ਰੱਖਣਾ ਅਤੇ ਉਸ ਨੂੰ ਆਪਣੇ ਨਾਲ ਆਪਣੇ ਸਫਰ ਤੇ ਲੈਕੇ ਜਾਣਾ ਮਹੱਤਵਪੂਰਨ ਹੈ।

## ਟਾਇਫੌਇਡ ਵੈਕਸੀਨ ਕੀ ਹੈ?

ਵੈਕਸੀਨ ਟਾਇਫੌਇਡ ਬਿਮਾਰੀ, ਟਾਇਫੌਇਡ ਬੈਕਟੀਰੀਆ ਕਰਕੇ ਹੋਣ ਵਾਲੇ ਇੱਕ ਵਿਗਾੜ ਦੇ ਵਿਰੁੱਧ ਰੱਖਿਆ ਕਰਨ ਵਿੱਚ ਸਹਾਇਤਾ ਕਰਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

ਟਾਇਫੌਇਡ ਵੈਕਸੀਨ ਤੁਹਾਨੂੰ ਬੀਮਾਰੀ ਦੇ ਵਿਰੁੱਧ ਕੁਝ ਸੁਰੱਖਿਆ ਦੇਵੇਗੀ (ਇਹ ਲਗਭਗ 50 ਤੋਂ 55 ਪ੍ਰਤੀਸ਼ਤ ਪ੍ਰਭਾਵਸ਼ਾਲੀ ਹੁੰਦੀ ਹੈ)। ਪਰ, ਸਫਰ ਕਰਨ ਵੇਲੇ ਚੰਗੀ ਨਿੱਜੀ ਸਫਾਈ ਅਤੇ ਭੋਜਨ ਅਤੇ ਪੇਯ ਪਦਾਰਥਾਂ ਸੰਬੰਧੀ ਸਾਵਧਾਨੀਆਂ ਵਰਤਣਾ ਵੀ ਬਹੁਤ ਮਹੱਤਵਪੂਰਨ ਹੈ।

## ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

3 ਜਾਂ ਉਸ ਤੋਂ ਵੱਧ ਹਫਤਿਆਂ ਲਈ ਅਫਗਾਨਿਸਤਾਨ, ਭਾਰਤ, ਨੇਪਾਲ, ਬੰਗਲਾਦੇਸ਼, ਮਾਲਦੀਵਜ਼, ਸ਼੍ਰੀ ਲੰਕਾ ਅਤੇ ਭੂਟਾਨ ਸਮੇਤ ਦੱਖਣੀ ਏਸ਼ੀਆ ਵਿੱਚ ਸਫਰ ਜਾਂ ਕੰਮ ਕਰਨ ਵਾਲੇ ਲੋਕਾਂ ਨੂੰ ਇਹ ਵੈਕਸੀਨ ਲੈਣ ਦੀ ਲੋੜ ਹੋ ਸਕਦੀ ਹੈ। ਤੁਹਾਡੀ ਇੰਨਾਂ ਖੇਤਰਾਂ ਵਿੱਚ ਦੂਸ਼ਿਤ ਭੋਜਨ ਅਤੇ ਪਾਣੀ ਦੇ ਨਾਲ ਸੰਪਰਕ ਵਿੱਚ ਆਉਣ ਦੀ ਸੰਭਾਵਨਾ ਜ਼ਿਆਦਾ ਹੈ।

ਜੇ ਤੁਸੀਂ ਅਫਰੀਕਾ, ਏਸ਼ੀਆ, ਕਰੀਬੀਅਨ, ਮੱਧ ਅਤੇ ਦੱਖਣੀ ਅਮਰੀਕਾ ਸਮੇਤ ਘੱਟ ਜੋਖਮ ਵਾਲੇ ਖੇਤਰਾਂ ਤੱਕ ਸਫਰ ਕਰ ਰਹੇ ਹੋ, ਟਰੈਵਲ ਕਲੀਨਿਕ ਦਾ ਡਾਕਟਰ ਜਾਂ ਨਰਸ ਤੁਹਾਨੂੰ ਦਸੇਗੀ ਜੇ ਤੁਹਾਨੂੰ ਵੈਕਸੀਨ ਲੈਣੀ ਚਾਹੀਦੀ ਹੈ।

ਵੈਕਸੀਨ ਦੀ ਸਿਫਾਰਸ਼ ਇੰਨਾਂ ਲਈ ਵੀ ਕੀਤੀ ਜਾਂਦੀ ਹੈ:

- ਟਾਇਫੌਇਡ ਬੈਕਟੀਰੀਆ ਦੇ ਨਾਲ ਨਿਯਮਿਤ ਤੌਰ ਤੇ ਸੰਪਰਕ ਹੋਣ ਵਾਲੇ ਕਾਮੇ, ਜਿਵੇਂ ਕਿ ਕੁਝ ਖਾਸ ਖੋਜਕਾਰ ਅਤੇ ਪ੍ਰਯੋਗਸ਼ਾਲਾ ਕਰਮਚਾਰੀ
- ਉਹ ਲੋਕ ਜੋ ਕਿਸੇ ਟਾਇਫੌਇਡ ਵਾਹਕ ਦੇ ਨਾਲ ਉਸੀ ਘਰ ਵਿੱਚ ਰਹਿੰਦੇ ਹਨ ਜਾਂ ਜਿੰਨਾਂ ਦਾ ਉਨ੍ਹਾਂ ਨਾਲ ਲਿੰਗੀ ਸੰਪਰਕ ਹੁੰਦਾ ਹੈ

## ਵੈਕਸੀਨ ਕਿਵੇਂ ਦਿੱਤੀ ਜਾਂਦੀ ਹੈ?

ਟਾਇਫੌਇਡ ਵੈਕਸੀਨ ਜਾਂ ਤਾਂ ਮੌਖਿਕ ਰੂਪ ਨਾਲ ਦਿੱਤੀ ਜਾਂਦੀ ਹੈ (ਮੂੰਹ ਦੁਆਰਾ ਦਿੱਤੀ ਜਾਂਦੀ ਹੈ) ਜਾਂ ਉਸ ਦਾ ਟੀਕਾ ਲਗਾਇਆ ਜਾਂਦਾ ਹੈ।

### ਮੂੰਹ ਰਾਹੀਂ ਦਿੱਤੀ ਜਾਣ ਵਾਲੀ ਟਾਇਫੌਇਡ ਵੈਕਸੀਨ

ਮੂੰਹ ਰਾਹੀਂ ਦਿੱਤੀ ਜਾਣ ਵਾਲੀ ਵੈਕਸੀਨ ਕੈਪਸੂਲ ਦੇ ਰੂਪ ਵਿੱਚ ਖੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਖੁਰਾਕਾਂ ਦੀ ਲੜੀ ਨੂੰ ਸਫਰ ਤੇ ਜਾਣ ਤੋਂ ਘੱਟੋ ਘੱਟ 1 ਹਫਤਾ ਪਹਿਲਾਂ ਖਤਮ ਕਰੋ।

ਬਾਲਗਾਂ ਅਤੇ 5 ਸਾਲਾਂ ਤੋਂ ਵੱਧ ਉਮਰ ਦੇ ਬੱਚਿਆਂ ਨੂੰ ਵੈਕਸੀਨ ਦੇ ਕੈਪਸੂਲ ਰੂਪ ਦੀਆਂ 4 ਖੁਰਾਕਾਂ ਦਿੱਤੀਆਂ ਜਾਂਦੀਆਂ ਹਨ। ਵੈਕਸੀਨ ਤੁਹਾਨੂੰ ਘਰ ਵਿੱਚ ਲੈਣ ਲਈ ਦਿੱਤੀ ਜਾਏਗੀ। ਟਰੈਵਲ ਕਲੀਨਿਕ ਵੈਕਸੀਨ ਕਿਵੇਂ ਲੈਣੀ ਹੈ ਬਾਰੇ ਹਿਦਾਇਤਾਂ ਦੇਵੇਗਾ। ਇੰਨਾਂ ਹਿਦਾਇਤਾਂ ਦੀ ਪਾਲਣਾ ਕਰਨਾ ਮਹੱਤਵਪੂਰਨ ਹੈ।

ਮੂੰਹ ਰਾਹੀਂ ਦਿੱਤੀ ਜਾਣ ਵਾਲੀ ਵੈਕਸੀਨ ਲਗਭਗ 7 ਸਾਲਾਂ ਲਈ ਟਾਇਫੌਇਡ ਦੇ ਵਿਰੁੱਧ ਰੱਖਿਆ ਪ੍ਰਦਾਨ ਕਰਦੀ ਹੈ ਪਰ ਸਭ ਤੋਂ ਵਧੀਆ ਰੱਖਿਆ 4 ਸਾਲਾਂ ਤੱਕ ਲਈ ਪ੍ਰਦਾਨ ਕਰਦੀ ਹੈ। ਜੇ ਤੁਸੀਂ ਖਾਸ ਖੇਤਰਾਂ ਵਿੱਚ ਸਫਰ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ, ਤਾਂ 4 ਸਾਲਾਂ ਬਾਅਦ ਮੁੜ ਕੇ ਬਿਮਾਰੀ ਤੋਂ ਬਚਾਉਣ ਲਈ ਵੈਕਸੀਨ ਲਗਵਾਉਣ ਬਾਰੇ ਸੋਚੋ।

### ਮੂੰਹ ਰਾਹੀਂ ਦਿੱਤੀ ਜਾਣ ਵਾਲੀ ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਟਰੈਵਲ ਕਲੀਨਿਕ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ, ਜੇ:

- ਤੁਹਾਨੂੰ ਪਹਿਲਾਂ ਲਈ ਗਈ ਟਾਇਫੌਇਡ ਵੈਕਸੀਨ ਦੀ ਖੁਰਾਕ, ਜਾਂ ਵੈਕਸੀਨ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਹੋਈ ਹੈ
- ਤੁਹਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਬਿਮਾਰੀ ਜਾਂ ਮੈਡੀਕਲ ਇਲਾਜ ਕਰਕੇ ਕਮਜ਼ੋਰ ਹੈ
- ਤੁਹਾਨੂੰ ਮਤਲੀ ਅਤੇ ਉਲਟੀਆਂ ਦੇ ਨਾਲ ਪੇਟ ਦੀ ਕੋਈ ਬਿਮਾਰੀ ਹੈ
- ਤੁਹਾਨੂੰ ਚਿਰਕਾਲੀ ਇੰਨਫਲੇਮੇਟਰੀ ਬਾਊਲ ਡੀਜ਼ੀਜ਼ (chronic inflammatory bowel disease) ਹੈ
- ਤੁਸੀਂ ਗਰਭਵਤੀ ਹੋ

### ਟਾਇਫੌਇਡ ਵੈਕਸੀਨ ਦਾ ਟੀਕਾ

ਟਾਇਫੌਇਡ ਵੈਕਸੀਨ ਦਾ ਟੀਕਾ ਬਾਲਗਾਂ ਅਤੇ 2 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਹੈ।

ਤੁਹਾਨੂੰ ਸੂਈ ਦੁਆਰਾ ਦਿੱਤੀ ਜਾਣ ਵਾਲੀ ਵੈਕਸੀਨ ਦੀ 1 ਖੁਰਾਕ ਮਿਲੇਗੀ। ਤੁਹਾਨੂੰ ਵੈਕਸੀਨ ਸਫਰ ਕਰਨ ਤੋਂ 2 ਤੋਂ 3 ਹਫਤੇ ਪਹਿਲਾਂ ਲੈਣੀ ਚਾਹੀਦੀ ਹੈ।

ਟੀਕੇ ਵਾਲੀ ਵੈਕਸੀਨ ਟਾਇਫੌਇਡ ਵਿਰੁੱਧ ਲਗਭਗ 2 ਸਾਲਾਂ ਲਈ ਰੱਖਿਆ ਕਰਦੀ ਹੈ। ਜੇ ਤੁਸੀਂ ਖਾਸ ਖੇਤਰਾਂ ਵਿੱਚ ਸਫਰ ਜਾਂ ਕੰਮ ਕਰਨਾ ਜਾਰੀ ਰੱਖਦੇ ਹੋ, ਤਾਂ ਮੁੜ ਕੇ ਬਿਮਾਰੀ ਤੋਂ ਬਚਾਉਣ ਲਈ ਵੈਕਸੀਨ ਲਗਵਾਉਣ ਬਾਰੇ ਸੋਚੋ।

**ਵੈਕਸੀਨ ਦਾ ਟੀਕਾ ਕਿਸ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ?**

ਜੇ ਤੁਹਾਨੂੰ ਪਹਿਲਾਂ ਲਈ ਗਈ ਟਾਇਫੌਇਡ ਵੈਕਸੀਨ ਦੀ ਖੁਰਾਕ, ਜਾਂ ਉਸ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਹੋਈ ਹੈ ਤਾਂ ਆਪਣੇ ਟਰੈਵਲ ਕਲੀਨਿਕ ਦੇ ਡਾਕਟਰ ਜਾਂ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹਨ। ਵੈਕਸੀਨ ਲਗਵਾਉਣਾ ਟਾਇਫੌਇਡ ਦਾ ਸ਼ਿਕਾਰ ਹੋਣ ਤੋਂ ਜ਼ਿਆਦਾ ਸੁਰੱਖਿਅਤ ਹੈ।

ਟਾਇਫੌਇਡ ਵੈਕਸੀਨ ਦੇ ਪ੍ਰਤੀ ਪ੍ਰਤੀਕ੍ਰਿਆਵਾਂ ਆਮਤੌਰ ਤੇ ਹਲਕੀਆਂ ਅਤੇ ਅਸਥਾਈ ਹੁੰਦੀਆਂ ਹਨ। ਮੂੰਹ ਰਾਹੀਂ ਲਈ ਜਾਣ ਵਾਲੀ ਵੈਕਸੀਨ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਵਿੱਚ ਪੇਟ ਦਰਦ, ਦਸਤ, ਮਤਲੀ, ਉਲਟੀਆਂ, ਬੁਖਾਰ, ਜਾਂ ਚਮੜੀ ਦਾ ਰੈਸ਼ ਸ਼ਾਮਲ ਹਨ। ਟੀਕਾ ਲਗਾਏ ਜਾਣ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਵਿੱਚ ਟੀਕਾ ਲਗਾਏ ਜਾਣ ਵਾਲੀ ਥਾਂ ਤੇ ਜਲਨ, ਸੋਜ ਜਾਂ ਲਾਲੀ ਸ਼ਾਮਲ ਹਨ। ਬੁਖਾਰ ਅਤੇ ਸਿਰਦਰਦ ਵੀ ਆਮ ਹਨ।

ਅਸੀਟਾਮੇਨੋਫੇਨ (Acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਐਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ ਸ਼ਾਮਲ ਹੈ। ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈਆਂ ਪ੍ਰਤੀਕ੍ਰਿਆਵਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਟਾਇਫੌਇਡ ਬੁਖਾਰ ਕੀ ਹੈ?

ਟਾਇਫੌਇਡ *ਸੈਲਮੋਨੈਲਾ ਟਾਇਫੀ (Salmonella typhi)* ਨਾਮ ਦੇ ਬੈਕਟੀਰੀਆ ਕਰਕੇ ਹੋਣ ਵਾਲਾ ਗੰਭੀਰ ਅਤੇ ਜਾਨ ਨੂੰ ਖਤਰੇ ਵਿੱਚ ਪਾਉਣ ਵਾਲਾ ਵਿਗਾੜ ਹੈ। ਬਿਮਾਰ ਹੋਣ ਵਾਲੇ ਹਰੇਕ 10 ਲੋਕਾਂ ਲਈ 2 ਲੋਕ ਤੱਕ ਮਰ ਸਕਦੇ ਹਨ ਜਦ ਤੱਕ ਕਿ ਉਨ੍ਹਾਂ ਨੂੰ ਜਲਦੀ ਹੀ ਐਂਟੀਬਾਇਓਟਿਕਸ ਦੇ ਨਾਲ ਇਲਾਜ ਨਹੀਂ ਮਿਲਦਾ। ਉਨ੍ਹਾਂ ਲਈ ਜਿੰਨਾਂ ਨੂੰ ਇਲਾਜ ਮਿਲ ਜਾਂਦਾ ਹੈ, 1 ਪ੍ਰਤੀਸ਼ਤ ਤੋਂ ਘੱਟ ਮਰਨਗੇ।

ਵਿਗਾੜ ਦੇ ਲੱਛਣਾਂ ਵਿੱਚ ਸ਼ਾਮਲ ਹਨ ਕਬਜ਼, ਤੇਜ਼ ਬੁਖਾਰ, ਸਿਰਦਰਦ, ਥਕਾਵਟ, ਭੁੱਖ ਨਾ ਲੱਗਣਾ, ਚੱਕਰ ਆਉਣੇ, ਖੰਘ ਅਤੇ ਧੜ (ਸਿਰ ਅਤੇ ਲੱਤਾਂ ਬਾਹਵਾਂ ਨੂੰ ਛੱਡਦੇ ਹੋਏ ਸਰੀਰ) ਤੇ ਰੈਸ਼। ਵਿਗਾੜ ਕਰਕੇ ਅੰਤੜੀਆਂ ਵਿੱਚ ਗੰਭੀਰ ਢੰਗ ਨਾਲ ਖੂਨ ਵੀ ਵਗ ਸਕਦਾ ਹੈ। ਲੱਛਣ ਆਮਤੌਰ ਤੇ ਵਿਗਾੜਗ੍ਰਸਤ ਹੋਣ ਤੋਂ 1 ਤੋਂ 3 ਹਫਤਿਆਂ ਦੇ ਬਾਅਦ ਵਾਪਰਦੇ ਹਨ, ਪਰ ਵਿਗਾੜਗ੍ਰਸਤ ਹੋਣ ਦੇ ਬਾਅਦ 3 ਦਿਨਾਂ ਤੋਂ 60 ਦਿਨਾਂ ਦੇ ਵਿੱਚ ਕਿਸੇ ਵੀ ਸਮੇਂ ਵਾਪਰ ਸਕਦੇ ਹਨ।

*ਸੈਲਮੋਨੈਲਾ ਟਾਇਫੀ (Salmonella typhi)* ਬੈਕਟੀਰੀਆ ਵਿਗਾੜਗ੍ਰਸਤ ਲੋਕਾਂ ਦੀਆਂ ਅੰਤੜੀਆਂ ਦੀਆਂ ਹਰਕਤਾਂ (ਮਲ) ਅਤੇ ਪੇਸ਼ਾਬ ਵਿੱਚ ਹੁੰਦਾ ਹੈ। ਉਹ ਲੋਕ ਜੋ ਸਹੀ ਢੰਗ ਨਾਲ ਹੱਥ ਧੋਏ ਬਿਨਾਂ ਬਾਥਰੂਮ ਵਰਤਦੇ ਹਨ ਭੋਜਨ ਤਿਆਰ ਕਰਨ ਰਾਹੀਂ ਜਾਂ ਹੱਥ ਤੋਂ ਮੂੰਹ ਦੇ ਸੰਪਰਕ ਰਾਹੀਂ ਬੈਕਟੀਰੀਆ ਨੂੰ ਦੂਸਰਿਆਂ ਤੱਕ ਫੈਲਾ ਸਕਦੇ ਹਨ। ਤੁਸੀਂ ਅਜਿਹੇ ਪਾਣੀ ਨੂੰ ਪੀ ਕੇ ਜਿਹੜਾ ਗੰਦਮੰਦ ਨਾਲ ਦੂਸ਼ਿਤ ਹੋ ਗਿਆ ਹੈ, ਅਜਿਹੀ ਸ਼ੈੱਲਫਿਸ਼ ਖਾ ਕੇ ਜਿਹੜੀ ਗੰਦਮੰਦ ਨਾਲ ਦੂਸ਼ਿਤ ਖੇਤਰਾਂ ਤੋਂ ਲਈ ਗਈ ਹੈ ਜਾਂ ਅਜਿਹੇ ਕੱਚੇ ਫਲ ਅਤੇ ਸਬਜ਼ੀਆਂ ਖਾ ਕੇ ਵੀ ਬਿਮਾਰ ਹੋ ਸਕਦੇ ਹੋ ਜਿਸ ਨੂੰ ਮਨੁੱਖੀ ਮਲ ਦੀ ਖਾਦ ਦਿੱਤੀ ਗਈ ਹੋ ਸਕਦੀ ਹੈ। ਇਸ ਬਿਮਾਰੀ ਤੋਂ ਠੀਕ ਹੋ ਜਾਣ ਦੇ ਬਾਵਜੂਦ, ਕਈ ਲੋਕ ਟਾਇਫੌਇਡ ਬੈਕਟੀਰੀਆ ਦੇ ਵਾਹਕ ਹੋ ਸਕਦੇ ਹਨ ਅਤੇ ਬਿਮਾਰੀ ਨੂੰ ਦੂਸਰਿਆਂ ਤੱਕ ਫੈਲਾ ਸਕਦੇ ਹਨ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਬੀ ਸੀ ਵਿੱਚ ਟਰੈਵਲ ਕਲੀਨਿਕਾਂ ਦੀ ਸੂਚੀ ਲਈ, ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਤੇ ਜਾਓ: www.canada.ca/en/public-health/services/travel-health/yellow-fever/vaccination-centres-canada-british-columbia.html.

ਟਰੈਵਲ ਵੈਕਸੀਨਾਂ ਬਾਰੇ ਹੋਰ ਜਾਣਕਾਰੀ ਲਈ, HealthLinkBC File #41c ਬਾਲਗਾਂ ਲਈ ਟਰੈਵਲ ਇੰਮਿਊਨਾਈਜ਼ੇਸ਼ਨਜ਼ ਦੇਖੋ।